# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 19:30

**ਮਿਤੀ :13-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਨਵੀਂ ਦਿੱਲੀ ਵਿੱਚ 100 ਤੋਂ ਵੱਧ ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਪੁਰਸਕਾਰ ਪ੍ਰਦਾਨ ਕੀਤੇ।

- ਸੰਸਦ ਦੇ ਦੋਵਾਂ ਸਦਨਾਂ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ 12 ਬਿੱਲ ਹੋਏ ਪਾਸ ।

- ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਦਹਿਸ਼ਤਗਰਦੀ ਨਿਗਰਾਨੀ ਟੀਮ ਨੇ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਆਤਮਘਾਤੀ ਕਾਰ ਬੰਬ ਧਮਾਕੇ ਲਈ, ਭਾਰਤੀ ਉਪ-ਮਹਾਂਦੀਪ ਵਿੱਚ 'ਅਲ-ਕਾਇਦਾ' ਨੂੰ ਜ਼ਿੰਮੇਵਾਰ ਠਹਿਰਾਇਆ।

- ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸੁਖਬੀਰ ਸਿੰਘ ਬਾਦਲ 'ਤੇ ਅੱਜ ਮਹਾਰਾਸ਼ਟਰ 'ਚ ਨਾਂਦੇੜ ਸਾਹਿਬ ਦੇ ਇੱਕ ਗੁਰਦੁਆਰੇ ਨੇੜੇ ਹਮਲਾ ਕੀਤਾ ਗਿਆ - ਉਹ ਸੁਰੱਖਿਅਤ ਨੇ।

- ਚੋਣ ਕਮਿਸ਼ਨ ਨੇ ਪੰਜਾਬ ਵਿੱਚ, 2027 ਦੀਆਂ ਵਿਧਾਨ ਸਭਾ ਚੋਣਾਂ ਲਈ, ਖਰੜਾ ਵੋਟਰ ਸੂਚੀ ਅੱਜ ਜਾਰੀ ਕੀਤੀ।

ਅਤੇ

- ਭਾਰਤ, ਨਾਈਜੀਰੀਆ 'ਚ ਚਾਰ ਦਿਨਾਂ ਰਾਸ਼ਟਰ-ਮੰਡਲ ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿੱਚ 35 ਤਮਗਿਆਂ ਨਾਲ ਸਮੁੱਚੇ ਤੌਰ 'ਤੇ ਜੇਤੂ ਬਣ ਕੇ ਉਭਰਿਆ ਏ।

***ਹੁਣ ਖਬਰਾਂ ਵਿਸਥਾਰ ਨਾਲ***

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਨਵੀਂ ਦਿੱਲੀ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ 100 ਤੋਂ ਵੱਧ ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਪੁਰਸਕਾਰ ਪ੍ਰਦਾਨ ਕੀਤੇ।

ਇਹ ਪੁਰਸਕਾਰ ਕਲਾ, ਸੰਗੀਤ, ਨ੍ਰਿਤ, ਰੰਗਮੰਚ, ਲੋਕ ਅਤੇ ਕਬਾਇਲੀ ਕਲਾਵਾਂ, ਕਠਪੁਤਲੀ, ਰਵਾਇਤੀ ਰੰਗਮੰਚ ਅਤੇ ਹੋਰ ਸਬੰਧਤ ਕਲਾਵਾਂ ਵਿੱਚ ਸ਼ਾਨਦਾਰ ਯੋਗਦਾਨ ਲਈ ਦਿੱਤੇ ਜਾਂਦੇ ਹਨ।

ਇਸ ਮੌਕੇ 'ਤੇ, ਰਾਸ਼ਟਰਪਤੀ ਨੇ ਕਿਹਾ ਕਿ ਪੁਰਸਕਾਰ ਪ੍ਰਾਪਤ ਕਰਨ ਵਾਲੇ ਆਧੁਨਿਕ ਭਾਰਤ ਦੀ ਪ੍ਰਤਿਭਾ ਅਤੇ ਸਮਰਪਣ ਦਾ ਪ੍ਰਤੀਕ ਨੇ । ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਸੰਗੀਤ, ਨ੍ਰਿਤ ਅਤੇ ਲੋਕ ਥੀਏਟਰ ਦੀਆਂ ਕਈ ਸ਼ੈਲੀਆਂ ਨੇ । ਉਨ੍ਹਾਂ ਕਿਹਾ ਕਿ ਇਹ ਸਨਮਾਨ ਸਿਰਫ਼ ਇੱਕ ਵਿਅਕਤੀਗਤ ਪ੍ਰਾਪਤੀ ਨਹੀਂ ਏ ਸਗੋਂ ਦੇਸ਼ ਦੀ ਅਮੀਰ ਸੱਭਿਆਚਾਰ ਅਤੇ ਰਿਵਾਇਤ ਦੀ ਪ੍ਰਾਪਤੀ ਏ । ਉਨ੍ਹਾਂ ਕਿਹਾ ਕਿ ਕਲਾਕਾਰ ਦੇਸ਼ ਦੀ ਅਮੀਰ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਅੱਜ ਦੇ ਪੁਰਸਕਾਰ ਜੇਤੂਆਂ ਵਿੱਚ ਉਹ ਵਿਅਕਤੀ ਸ਼ਾਮਲ ਸਨ ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਰਹਿੰਦਿਆਂ ਭਾਰਤੀ ਕਲਾ ਨੂੰ ਉਤਸ਼ਾਹਿਤ ਕੀਤਾ।

**BYTE: PRESIDENT**

------------------------------------------------------------------------

ਰਾਸ਼ਟਰਪਤੀ ਵਲੋਂ ਅੱਜ ਰੰਗਮੰਚ ਦੇ ਖੇਤਰ ਵਿੱਚ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰੰਗਮੰਚ ਵਿਭਾਗ ਦੇ ਚੇਅਰਪਰਸਨ ਡਾ. ਨਵਦੀਪ ਕੌਰ ਵੀ ਸ਼ਾਮਿਲ ਨੇ ।

ਉਨ੍ਹਾਂ ਨੂੰ ਸਾਲ 2025 ਲਈ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਏ ।

ਪੰਜਾਬ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਤੋਂ ਇਸ ਸ੍ਰੇਣੀ 'ਚ ਪੁਰਸਕਾਰ ਹਾਸਿਲ ਕਰਨ ਵਾਲੇ ਡਾ. ਨਵਦੀਪ ਕੌਰ ਨੇ ਆਕਾਸ਼ਵਾਣੀ ਨਾਲ ਗੱਲਬਾਤ ਕਰਦਿਆਂ ਕਿਹਾ ।

**BYTE: NAVDEEP KAUR**

---------------------------------------------------------------------------

ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ, ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਏ। ਪਿਛਲੇ ਮਹੀਨੇ ਦੀ 20 ਤਰੀਕ ਨੂੰ ਸ਼ੁਰੂ ਹੋਏ ਮਾਨਸੂਨ ਸਮਾਗਮ ਵਿੱਚ, ਲੋਕ ਸਭਾ ਦੀਆਂ 19 ਬੈਠਕਾਂ ਹੋਈਆਂ। ਸਦਨ ਨੇ ਕਈ ਵਿਧਾਨਕ ਅਤੇ ਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ। ਸਮਾਗਮ ਦੌਰਾਨ ਕਈ ਮਹੱਤਵਪੂਰਨ ਬਿੱਲ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਜਨਤਕ

ਪ੍ਰੀਖਿਆਵਾਂ 'ਚ ਅਨੁਚਿਤ ਸਾਧਨਾਂ ਦੀ ਰੋਕਥਾਮ ਬਾਰੇ ਸੋਧ ਬਿੱਲ, 2026, ਰਾਸ਼ਟਰੀ ਸਨਮਾਨ ਅਪਮਾਨ ਦੀ ਰੋਕਥਾਮ (ਸੋਧ) ਬਿੱਲ, ਟ੍ਰਿਬਿਊਨਲ ਸੁਧਾਰ ਬਿੱਲ, ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੋਧ) ਬਿੱਲ, ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ ਅਤੇ ਕੇਰਲਾ ਦਾ ਨਾਂ ਬਦਲਣ ਸੰਬੰਧੀ ਬਿੱਲ, 2026 ਸ਼ਾਮਲ ਨੇ।

ਹਾਲਾਂਕਿ ਸਮਾਗਮ ਦੌਰਾਨ, NEET ਪੇਪਰ ਲੀਕ, ਪ੍ਰਦਰਸ਼ਨਕਾਰੀ ਵਿਦਿਆਰਥੀਆਂ ਖਿਲਾਫ ਕਥਿਤ ਪੁਲਿਸ ਕਾਰਵਾਈ ਅਤੇ ਅਯੁੱਧਿਆ ਰਾਮ ਮੰਦਰ ਵਿੱਚ ਚੜ੍ਹਾਵੇ ਵਿੱਚ ਕਥਿਤ ਬੇਨਿਯਮੀਆਂ ਕਾਰਨ ਕਾਰਵਾਈ ਵਿੱਚ ਵਾਰ-ਵਾਰ ਵਿਘਨ ਪਿਆ।

---------------------------------------------------------------------------

ਸੰਸਦ ਨੇ ਅੱਜ ਰਾਜ ਸਭਾ ਦੀ ਮਨਜ਼ੂਰੀ ਤੋਂ ਬਾਅਦ, ਖਾਣਾਂ ਅਤੇ ਖਣਿਜ -ਵਿਕਾਸ ਅਤੇ ਨੇਮਬੱਧ (ਸੋਧ) ਬਿੱਲ, 2026 ਪਾਸ ਕਰ ਦਿੱਤਾ ਏ। ਅੱਜ ਸਵੇਰੇ ਸਦਨ ਦੀ ਕਾਰਵਾਈ ਸ਼ੁਰੂ ਹੋਣ 'ਤੇ, ਕੇਂਦਰੀ ਕੋਲਾ ਅਤੇ ਖਾਣ ਮੰਤਰੀ, ਜੀ. ਕਿਸ਼ਨ ਰੈੱਡੀ ਨੇ ਖਾਣਾਂ ਅਤੇ ਖਣਿਜ - ਵਿਕਾਸ ਅਤੇ ਨੇਮਬੱਧ ਐਕਟ, 1957 ਵਿੱਚ ਹੋਰ ਸੋਧ ਕਰਨ ਲਈ ਬਿੱਲ ਪੇਸ਼ ਕੀਤਾ। ਇਸ ਬਿੱਲ ਦਾ ਉਦੇਸ਼, ਭਾਰਤ ਦੇ ਖਣਨ ਖੇਤਰ ਨੂੰ ਵਧੇਰੇ ਕੁਸ਼ਲ, ਨਿਵੇਸ਼-ਅਨੁਕੂਲ ਅਤੇ ਦੇਸ਼ ਦੀ ਮਹੱਤਵਪੂਰਨ ਖਣਿਜਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਤਿਆਰ ਕਰਨਾ ਏ।

ਬਿੱਲ 'ਤੇ ਚਰਚਾ ਦਾ ਜਵਾਬ ਦਿੰਦਿਆਂ, ਸ੍ਰੀ ਜੀ. ਕਿਸ਼ਨ ਰੈਡੀ ਨੇ ਕਿਹਾ ਕਿ ਸਰਕਾਰ ਨੇ, ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਏ ਅਤੇ ਇਨ੍ਹਾਂ ਖਣਨ ਸਰੋਤਾਂ ਦੇ ਸਹੀ ਪ੍ਰਬੰਧਨ ਲਈ, ਨਿਲਾਮੀ ਕਰਾਈ ਏ।

ਰਾਜ ਸਭਾ ਦੇ ਸਭਾਪਤੀ, ਸੀ.ਪੀ. ਰਾਧਾਕ੍ਰਿਸ਼ਨਨ ਨੇ ਆਪਣੀ ਸਮਾਪਤੀ ਟਿੱਪਣੀ ਵਿੱਚ, ਸਦਨ ਦੀ ਕਾਰਵਾਈ ਵਿੱਚ ਵਾਰ-ਵਾਰ ਪਏ ਵਿਘਨ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸਦਨ ਵਿੱਚ ਆਪਣੀ ਗੱਲ ਰੱਖਣ ਦਾ ਪੂਰਾ ਮੌਕਾ ਮੌਜੂਦ ਸੀ, ਪਰ ਮੈਂਬਰਾਂ ਨੇ ਉਪਲਬਧ ਮੌਕਿਆਂ ਦਾ ਪੂਰਾ ਲਾਭ ਨਹੀਂ ਉਠਾਇਆ। ਹਾਲਾਂਕਿ, ਉਨ੍ਹਾਂ ਇਹ ਵੀ ਕਿਹਾ ਕਿ ਸਦਨ, 12 ਬਿੱਲ ਪਾਸ ਕਰਕੇ, ਆਪਣੇ ਮੁੱਖ ਵਿਧਾਨਕ ਫਰਜ਼ਾਂ ਨੂੰ ਨਿਭਾਉਣ ਵਿੱਚ ਸਫਲ ਰਿਹਾ। ਸ੍ਰੀ ਰਾਧਾਕ੍ਰਿਸ਼ਨਨ ਨੇ ਦੱਸਿਆ ਕਿ ਸਦਨ ਦੀ ਕਾਰਵਾਈ, ਸਿਰਫ਼ 37 ਘੰਟੇ ਅਤੇ 49 ਮਿੰਟ ਚੱਲੀ, ਜਿਸ ਦੇ ਨਤੀਜੇ ਵਜੋਂ, ਕਾਰਜ-ਉਦਪਾਦਕਤਾ 39.17 ਫੀਸਦੀ ਰਹੀ।

--------------------------------------------------------------------------

ਸੰਸਦੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ, ਕਿਰੇਨ ਰਿਜਿਜੂ ਨੇ ਵਿਰੋਧੀ ਧਿਰ 'ਤੇ ਇਲਜ਼ਾਮ ਲਗਾਇਆ ਏ ਕਿ, ਜਦੋਂ ਸਰਕਾਰ, ਸਦਨ ਵਿੱਚ ਚਰਚਾ ਕਰਨ ਲਈ ਤਿਆਰ ਸੀ, ਉਸ ਸਮੇਂ ਵਿਰੋਧੀ ਧਿਰ ਨੇ ਸਦਨ ਵਿੱਚ ਚਰਚਾ ਨਹੀਂ ਹੋਣ ਦਿੱਤੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦਾ ਵਿਹਾਰ ਲੋਕਤੰਤਰ, ਖਾਸ ਕਰਕੇ ਸੰਸਦੀ ਲੋਕਤੰਤਰ ਲਈ ਚੰਗਾ ਨਹੀਂ ਏ। ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਸ੍ਰੀ ਰਿਜਿਜੂ ਨੇ ਕਿਹਾ ਕਿ ਸੰਸਦ ਬਹਿਸ, ਚਰਚਾ ਅਤੇ ਕਾਨੂੰਨ ਬਣਾਉਣ ਲਈ ਹੁੰਦੀ ਏ, ਪਰ ਮਾਨਸੂਨ ਸਮਾਗਮ ਦੌਰਾਨ, ਲਗਾਤਾਰ ਨਾਅਰੇਬਾਜ਼ੀ ਅਤੇ ਵਿਰੋਧ ਪ੍ਰਦਰਸ਼ਨਾਂ ਨੇ ਸਦਨ ਦੇ ਕੰਮਕਾਜ ਵਿੱਚ ਵਿਘਨ ਪਾਇਆ। ਸ੍ਰੀ ਰਿਜਿਜੂ ਨੇ ਕਿਹਾ ਕਿ ਮਾਨਸੂਨ ਸਮਾਗਮ ਦੌਰਾਨ, 12 ਬਿੱਲ ਪਾਸ ਕੀਤੇ ਗਏ, ਪਰ ਉਨ੍ਹਾਂ ਵਿੱਚੋਂ ਸਿਰਫ਼ ਇੱਕ 'ਤੇ ਹੀ ਦੋਵਾਂ ਸਦਨਾਂ ਵਿੱਚ ਚਰਚਾ ਹੋਈ।

**BYTE: RIJIJU 26 SEC**

ਉਨ੍ਹਾਂ ਦੱਸਿਆ ਕਿ ਇਸ ਮੌਨਸੂਨ ਸਮਾਗਮ ਦੌਰਾਨ, ਲੋਕ ਸਭਾ ਵਿੱਚ 19 ਫੀਸਦੀ ਅਤੇ ਰਾਜ ਸਭਾ ਵਿੱਚ 39 ਫੀਸਦੀ ਕੰਮ ਹੋਇਆ। ਸ੍ਰੀ ਰਿਜਿਜੂ ਨੇ ਸੰਸਦ ਵਿੱਚ ਵਾਰ-ਵਾਰ ਪੈਦਾ ਹੋਣ ਵਾਲੇ ਵਿਘਨ ਕਾਰਨ, ਕਈ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਦੇ ਸੰਸਦੀ ਤਜਰਬਾ ਹਾਸਲ ਨਾ ਕਰ ਸਕਣ 'ਤੇ ਚਿੰਤਾ ਪ੍ਰਗਟ ਕੀਤੀ।

---

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (UNSC) ਦੀ ਦਹਿਸ਼ਤਗਰਦੀ ਨਿਗਰਾਨੀ ਟੀਮ ਨੇ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਆਤਮਘਾਤੀ ਕਾਰ ਬੰਬ ਧਮਾਕੇ ਲਈ, ਭਾਰਤੀ ਉਪ-ਮਹਾਂਦੀਪ ਵਿੱਚ 'ਅਲ-ਕਾਇਦਾ' (AQIS) ਨੂੰ ਜ਼ਿੰਮੇਵਾਰ ਠਹਿਰਾਇਆ ਏ।

ਇਸ ਹਮਲੇ ਵਿੱਚ 11 ਲੋਕਾਂ ਦੀ ਮੌਤ ਹੋ ਗਈ ਸੀ।

ਸੁਰੱਖਿਆ ਕੌਂਸਲ ਦੀ ਦਹਿਸ਼ਤਗਰਦੀ ਸੰਬੰਧੀ 'ਵਿਸ਼ਲੇਸ਼ਣਾਤਮਕ ਸਹਾਇਤਾ ਅਤੇ ਪਾਬੰਦੀਆਂ ਦੀ ਨਿਗਰਾਨੀ ਟੀਮ' ਦੀ ਰਿਪੋਰਟ ਮੁਤਾਬਕ, ਪਿਛਲੇ ਸਾਲ ਨਵੰਬਰ ਵਿੱਚ ਹੋਏ ਇਸ ਹਮਲੇ ਲਈ, AQIS ਨੂੰ ਅਧਿਕਾਰਤ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਏ।

ਰਿਪੋਰਟ ਵਿੱਚ ਕਿਹਾ ਗਿਆ ਏ ਕਿ, AQIS ਇੱਕ ਖਿੰਡੇ ਹੋਏ ਸੰਗਠਨ ਤੋਂ ਵਿਕਿਸਤ ਹੋ ਕੇ, ਇੱਕ ਖੇਤਰੀ ਦਹਿਸ਼ਤਗਰਦੀ ਸੰਗਠਨ ਬਣ ਗਿਆ ਏ। ਇਹ ਸੰਗਠਨ ਵੱਡੇ ਸਮੂਹਾਂ ਦੀ ਬਜਾਏ ਛੋਟੇ ਅਤੇ ਵੱਖ-ਵੱਖ ਧੜਿਆਂ ਰਾਹੀਂ, ਕੰਮ ਕਰ ਰਿਹਾ ਏ ਅਤੇ ਇਸ ਨੇ ਆਪਣੇ ਲੌਜਿਸਟਿਕ ਤੇ ਵਿੱਤੀ ਨੈੱਟਵਰਕਾਂ ਨੂੰ ਮਜ਼ਬੂਤ ਕੀਤਾ ਏ।

---

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਅੱਜ ਦੁਪਹਿਰ ਬਾਅਦ ਮਹਾਰਾਸ਼ਟਰ ਦੇ ਨਾਂਦੇੜ ਵਿੱਚ, ਹਮਲਾ ਕੀਤਾ ਗਿਆ। ਸ੍ਰੀ ਬਾਦਲ ਅਤੇ ਉਨ੍ਹਾਂ ਦੀ ਪਤਨੀ

ਹਰਸਿਮਰਤ ਕੌਰ, ਗੁਰਦੁਆਰਾ ਮਾਤਾ ਸਾਹਿਬ ਦੀਵਾਨ ਜੀ ਮੁਗਟ ਦੀਆਂ ਪੌੜੀਆਂ ਤੋਂ ਹੇਠਾਂ ਉਤਰ ਰਹੇ ਸਨ, ਜਦੋਂ ਇੱਕ ਵਿਅਕਤੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ 'ਤੇ ਚਾਕੂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਸ੍ਰੀ ਬਾਦਲ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਹ ਹੁਣ ਖਤਰੇ ਤੋਂ ਬਾਹਰ ਨੇ। ਨਾਂਦੇੜ ਦੇ ਪੁਲਿਸ ਸੁਪਰਡੈਂਟ, ਡਾ. ਨਿਲੱਭ ਰੋਹਨ  ਨੇ ਦੱਸਿਆ ਕਿ ਹਮਲਾਵਰ, ਜੋ ਗੁਰਦੁਆਰੇ ਵਿੱਚ ਸੇਵਾਦਾਰ ਸੀ, ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਏ।

ਮਹਾਰਾਸ਼ਟਰ ਪੁਲਿਸ ਦਾ ਇੱਕ ਜਵਾਨ, ਜੋ ਸ੍ਰੀ ਬਾਦਲ ਦੀ ਵਿਸ਼ੇਸ਼ ਸੁਰੱਖਿਆ ਇਕਾਈ ਦਾ ਹਿੱਸਾ ਸੀ, ਇਸ ਘਟਨਾ ਦੌਰਾਨ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ, ਜ਼ਖ਼ਮੀ ਹੋ ਗਿਆ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਸ ਹਮਲੇ ਦੀ ਜਾਂਚ ਦੇ ਹੁਕਮ ਦਿੱਤੇ ਨੇ।

ਇਸ ਤੋਂ ਪਹਿਲਾਂ, ਸ੍ਰੀ ਬਾਦਲ ਨੇ ਆਪਣੀ ਪਤਨੀ ਨਾਲ ਨਾਂਦੇੜ ਸਥਿਤ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ।

ਇਹ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ 'ਤੇ ਦੂਜਾ ਹਮਲਾ ਏ।

ਇਸ ਤੋਂ ਪਹਿਲਾਂ ਦਸੰਬਰ, 2024 ਵਿੱਚ, ਅੰਮ੍ਰਿਤਸਰ ਸਥਿਤ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਉਨ੍ਹਾਂ 'ਤੇ ਜਾਨਲੇਵਾ ਹਮਲਾ ਕੀਤਾ ਗਿਆ ਸੀ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਬਾਦਲ 'ਤੇ ਹਮਲੇ ਦੀ ਨਿੰਦਾ ਕੀਤੀ ਏ। ਉਨ੍ਹਾਂ ਕਿਹਾ

ਕਿ ਸ੍ਰੀ ਬਾਦਲ, ਜੋ ਆਪਣੇ ਪਰਿਵਾਰ ਨਾਲ ਨਾਂਦੇੜ ਦੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮੱਥਾ ਟੇਕਣ ਗਏ ਸਨ, 'ਤੇ ਹਮਲਾ ਕਰਨਾ, ਨਾ ਸਿਰਫ਼ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਏ ਸਗੋਂ ਗੁਰੂ ਘਰ ਦੀ ਸ਼ਾਨ ਅਤੇ ਸਿੱਖ ਧਰਮ ਦਾ ਸਿੱਧਾ ਅਪਮਾਨ ਵੀ ਏ।

ਪੰਜਾਬ BJP ਪ੍ਰਧਾਨ, ਕੇਵਲ ਸਿੰਘ ਢਿੱਲੋਂ ਅਤੇ ਸੀਨੀਅਰ BJP ਆਗੂ, ਰਵਨੀਤ ਸਿੰਘ ਬਿੱਟੂ ਨੇ ਇਸ ਹਮਲੇ ਦੀ ਨਿੰਦਾ ਕੀਤੀ ਏ।

---------------------------------------------------------------------------------

ਚੋਣ ਕਮਿਸ਼ਨ ਨੇ ਪੰਜਾਬ ਵਿੱਚ, 2027 ਦੀਆਂ ਵਿਧਾਨ ਸਭਾ ਚੋਣਾਂ ਲਈ, ਅੱਜ ਖਰੜਾ ਵੋਟਰ ਸੂਚੀ ਪ੍ਰਕਾਸ਼ਿਤ ਅਤੇ ਜਾਰੀ ਕੀਤੀ ।

ਪੰਜਾਬ ਦੇ ਮੁਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨੇ ਕਿਹਾ ਕਿ ਅਧਿਕਾਰਤ ਅੰਕੜਿਆਂ ਮੁਤਾਬਿਕ ਖਰੜਾ ਸੂਚੀ ਵਿੱਚ ਵੋਟਰਾਂ ਦੀ ਕੁੱਲ ਗਿਣਤੀ 'ਵਿਸ਼ੇਸ਼ ਤੀਬਰ ਸੋਧ' (SIR) ਤੋਂ ਪਹਿਲਾਂ, ਇਸ ਸਾਲ ਜੂਨ 2026 ਵਿੱਚ, ਮੌਜੂਦ 2 ਕਰੋੜ 14 ਲੱਖ ਤੋਂ ਘੱਟ ਕੇ, ਇੱਕ ਕਰੋੜ 93 ਲੱਖ ਰਹਿ ਗਏ ਨੇ ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਇਹ ਵੋਟਰ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ, 13 ਅਗਸਤ ਤੋਂ 12 ਸਤੰਬਰ ਦਰਮਿਆਨ, ਫਾਰਮ ਨੰਬਰ 6 ਭਰ ਕੇ, ਇਸਨੂੰ ਆਨਲਾਈਨ ਜਾਂ ਵਿਅਕਤੀਗਤ ਤੌਰ 'ਤੇ ਜਮ੍ਹਾਂ ਕਰਵਾ ਕੇ, ਦਾਅਵਾ ਪੇਸ਼ ਕਰ ਸਕਦੇ ਨੇ।

ਅੰਤਿਮ ਵੋਟਰ ਸੂਚੀ, 12 ਅਕਤੂਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।

---

ਗ੍ਰਹਿ ਮੰਤਰੀ ਅਮਿਤ ਸ਼ਾਹ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇ.ਪੀ. ਨੱਡਾ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅੱਜ ਤਿਰੰਗਾ ਲਹਿਰਾ ਕੇ ਹਰ ਘਰ ਤਿਰੰਗਾ ਮੁਹਿੰਮ ਵਿੱਚ ਸ਼ਾਮਲ ਹੋਏ।

ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਅਮਿਤ ਸ਼ਾਹ ਨੇ ਕਿਹਾ ਕਿ ਇਹ ਮੁਹਿੰਮ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰ ਰਹੀ ਹੈ ਅਤੇ ਹਰ ਭਾਰਤੀ ਵਿੱਚ ਮਾਣ ਦੀ ਭਾਵਨਾ ਪੈਦਾ ਕਰ ਰਹੀ ਏ।

---

ਏਧਰ ਪੰਜਾਬ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ, 'ਤਿਰੰਗਾ ਯਾਤਰਾਵਾਂ' ਬਹੁਤ ਉਤਸ਼ਾਹ ਨਾਲ ਚੱਲ ਰਹੀਆਂ ਨੇ।

ਓਧਰ ਜੰਮੂ ਕਸ਼ਮੀਰ ਵਿੱਚ ਵੀ ਅੱਜ ਇੱਕ ਤਿਰੰਗਾ ਰੈਲੀ ਦਾ ਆਯੋਜਨ ਕੀਤਾ ਗਿਆ।

---

ਚੰਡੀਗੜ੍ਹ ਡਿਜੀਟਲ ਸ਼ਾਸਨ ਦੇ ਖੇਤਰ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਣ ਲਈ ਤਿਆਰ ਏ।

ਚੰਡੀਗੜ੍ਹ 'ਚ ਕੱਲ 14 ਅਗਸਤ ਤੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਸਿੱਧੇ ਲਾਭ ਟ੍ਰਾਂਸਫਰ ਲਈ, ਕੇਂਦਰੀ ਬੈਂਕ ਡਿਜੀਟਲ

ਕਰੰਸੀ-CBDC, ਡਿਜੀਟਲ ਰੁਪਿਆ- ਰਾਹੀਂ ਖੁਰਾਕ ਸਬਸਿਡੀਆਂ ਦੀ ਉਦੇਸ਼-ਸੰਚਾਲਿਤ ਡਿਜੀਟਲ ਵਿਵਸਥਾ ਸ਼ੁਰੂ ਕੀਤੀ ਜਾਵੇਗੀ।

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਇਸ ਸਮਾਰੋਹ ਦੀ ਪ੍ਰਧਾਨਗੀ ਕਰਨਗੇ।

----------------------------------------------------------------

ਭਾਰਤ, ਨਾਈਜੀਰੀਆ ਦੇ ਲਾਗੋਸ ਵਿੱਚ, ਚਾਰ ਦਿਨਾਂ ਰਾਸ਼ਟਰ-ਮੰਡਲ ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿੱਚ, ਸ਼ਾਨਦਾਰ ਪ੍ਰਦਰਸ਼ਨ ਕਰਦੀਆਂ, 35 ਤਮਗਿਆਂ ਨਾਲ ਸਮੁੱਚੇ ਤੌਰ 'ਤੇ ਜੇਤੂ ਬਣ ਕੇ ਉਭਰਿਆ ਏ। ਭਾਰਤੀ ਦਲ ਨੇ ਕੁੱਲ ਮਿਲਾ ਕੇ 13 ਸੋਨੇ ਦੇ, 8 ਚਾਂਦੀ ਦੇ ਅਤੇ 14 ਕਾਂਸੀ ਦੇ ਤਗਮੇ ਜਿੱਤੇ।

----------------------------------------------------------------

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅੱਜ ਨਵੀਂ ਦਿੱਲੀ ਵਿੱਚ 100 ਤੋਂ ਵੱਧ ਕਲਾਕਾਰਾਂ ਨੂੰ 2024 ਅਤੇ 2025 ਲਈ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਅਤੇ ਪੁਰਸਕਾਰ ਪ੍ਰਦਾਨ ਕੀਤੇ।

- ਸੰਸਦ ਦੇ ਦੋਵਾਂ ਸਦਨਾਂ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ 12 ਬਿੱਲ ਹੋਏ ਪਾਸ ।

- ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਦਹਿਸ਼ਤਗਰਦੀ ਨਿਗਰਾਨੀ ਟੀਮ ਨੇ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਆਤਮਘਾਤੀ ਕਾਰ ਬੰਬ ਧਮਾਕੇ ਲਈ, ਭਾਰਤੀ ਉਪ-ਮਹਾਂਦੀਪ ਵਿੱਚ 'ਅਲ-ਕਾਇਦਾ' ਨੂੰ ਜ਼ਿੰਮੇਵਾਰ ਠਹਿਰਾਇਆ।

- ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸੁਖਬੀਰ ਸਿੰਘ ਬਾਦਲ 'ਤੇ ਅੱਜ ਮਹਾਰਾਸ਼ਟਰ 'ਚ ਨਾਂਦੇੜ ਸਾਹਿਬ ਦੇ ਇੱਕ ਗੁਰਦੁਆਰੇ ਨੇੜੇ ਹਮਲਾ ਕੀਤਾ ਗਿਆ - ਉਹ ਸੁਰੱਖਿਅਤ ਨੇ।

- ਚੋਣ ਕਮਿਸ਼ਨ ਨੇ ਪੰਜਾਬ ਵਿੱਚ, 2027 ਦੀਆਂ ਵਿਧਾਨ ਸਭਾ ਚੋਣਾਂ ਲਈ, ਖਰੜਾ ਵੋਟਰ ਸੂਚੀ ਅੱਜ ਜਾਰੀ ਕੀਤੀ।

ਅਤੇ

- ਭਾਰਤ, ਨਾਈਜੀਰੀਆ 'ਚ ਚਾਰ ਦਿਨਾਂ ਰਾਸ਼ਟਰ-ਮੰਡਲ ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿੱਚ 35 ਤਮਗਿਆਂ ਨਾਲ ਸਮੁੱਚੇ ਤੌਰ 'ਤੇ ਜੇਤੂ ਬਣ ਕੇ ਉਭਰਿਆ ਏ।

---------------------------------------------------

**ਇਸਦੇ ਨਾਲ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਸ਼ਤਰੀਬ ਖਬਰਾਂ ਦਾ ਅਗਲਾ ਬੁਲੇਟਿਨ  ਤੁਸੀਂ ਸੁਣੋਗੇ ਕੱਲ੍ਹ 8.30 ਵਜੇ  ਨਮਸਕਾਰ!**